# ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
[ ਕਾਲਜ ਸੈਕਸ਼ਨ ]

ਨੰ:..1857......
ਮਿਤੀ......7/7/26

ਡਾਕ / ਈ. ਮੇਲ
**ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਤ**
**ਸਮੂਹ ਕਾਲਜਾਂ ਦੇ ਪ੍ਰਿੰਸੀਪਲ / ਚੇਅਰਮੈਨ / ਡਾਇਰੈਕਟਰ ਸਾਹਿਬਾਨਾਂ ਨੂੰ**

**ਵਿਸ਼ਾ:- ਪੰਜਾਬ ਸਰਕਾਰ ਵੱਲੋਂ ਕਾਲਜਾਂ ਦੇ ਮਰਜਰ ਸੰਬੰਧੀ ਜਾਰੀ ਨੋਟੀਫਿਕੇਸ਼ਨ ਦੀ ਲੋਅ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਕਾਲਜਾਂ ਲਈ ਦਿਸ਼ਾ-ਨਿਰਦੇਸ਼ / ਹਦਾਇਤਾਂ ਜਾਰੀ ਕਰਨ ਹਿਤ।**

ਉਕਤ ਵਿਸ਼ੇ ਸੰਬੰਧੀ National Education Policy 2020 ਅਨੁਸਾਰ ਸਾਲ 2030 ਤੱਕ ਸਮੂਹ Single Stream Institutions ਨੂੰ ਸਮਾਪਤ ਕਰ ਕੇ ਦੇਸ਼ ਦੇ ਹਰ ਜਿਲ੍ਹੇ ਵਿੱਚ ਘੱਟੋ-ਘੱਟ ਇੱਕ ਬਹੁ-ਅਨੁਸ਼ਾਸ਼ਨੀ ਉੱਚ ਸਿੱਖਿਆ ਸੰਸਥਾਨ (MDI) ਦੀ ਸਥਾਪਨਾ ਕਰਨ ਬਾਰੇ ਜ਼ਿਕਰ ਹੈ। ਇਸ ਬਾਬਤ UGC ਵੱਲੋਂ 2022 ਵਿਚ ਜਾਰੀ "Guidelines for Transforming Higher Education Institutions into Multidisciplinary Institutions", NCTE ਵੱਲੋਂ NEP-2020 ਦੀ ਲੋਅ ਵਿਚ ਮਿਤੀ 15-05-2025 ਨੂੰ ਜਾਰੀ ਕੀਤੀਆਂ ਗਈਆਂ "Guidelines for Transforming NCTE Recognized Stand-Alone Teacher Education Institutions (TEI) into Multidisciplinary Higher Education Institutions (MDI)" ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ. No. HED-EDU1OB.ED/2024-4edu/E-741323/446 ਮਿਤੀ 02-08-2024 ਦੇ ਅਧਾਰ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਕਾਲਜਾਂ ਲਈ ਹੇਠ ਲਿਖੇ ਦਿਸ਼ਾ-ਨਿਰਦੇਸ਼/ਹਦਾਇਤਾਂ ਜਾਰੀ ਕੀਤੇ ਜਾਂਦੇ ਹਨ:

1. **ਕੰਪੋਜ਼ਿਟ ਕਾਲਜਾਂ ਦੀ ਵਿਵਸਥਾ ਨੂੰ ਰੱਦ ਕਰਨਾ**: NCTE ਦੀ ਨੋਟੀਫਿਕੇਸ਼ਨ No F.51-1/2014-NCTE (N&S) ਮਿਤੀ 28 ਨਵੰਬਰ 2014 ਤਹਿਤ ਕੰਪੋਜ਼ਿਟ ਕਾਲਜਾਂ ਸੰਬੰਧੀ ਵਿਵਸਥਾ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਰੱਦ ਸਮਝੀ ਜਾਵੇ।
2. **ਨਿਯਮਾਂ ਦੇ ਲਾਗੂ ਹੋਣ ਦਾ ਦਾਇਰਾ**: ਪੰਜਾਬ ਸਰਕਾਰ ਦੀ ਉਕਤ ਨੋਟੀਫਿਕੇਸ਼ਨ ਵਿੱਚ ਐਜੂਕੇਸ਼ਨ ਕਾਲਜਾਂ ਅਤੇ ਫਿਜ਼ੀਕਲ ਐਜੂਕੇਸ਼ਨ ਕਾਲਜਾਂ (ਅਨੁਛੇਦ 2.4) ਨੂੰ ਡਿਗਰੀ/Multidisciplinary Institution (MDI) ਵਿਚ ਮਰਜ/ਤਬਦੀਲ ਕਰਨ ਹਿਤ ਵਿਵਸਥਾ ਹੈ, ਪਰੰਤੂ ਲਾਅ ਕਾਲਜਾਂ ਬਾਰੇ ਕੋਈ ਜ਼ਿਕਰ ਨਹੀਂ ਹੈ। ਇਸ ਲਈ ਇਸ ਨੋਟੀਫਿਕੇਸ਼ਨ ਤਹਿਤ ਕੇਵਲ ਐਜੂਕੇਸ਼ਨ, ਫਿਜੀਕਲ ਐਜੂਕੇਸ਼ਨ ਅਤੇ ਡਿਗਰੀ ਕਾਲਜਾਂ ਲਈ ਹੀ ਵਿਵਸਥਾ ਕਾਇਮ ਕੀਤੀ ਜਾਂਦੀ ਹੈ।
3. **Teacher Education Institution (TEI) ਨੂੰ ਕਿਸੇ ਨਜ਼ਦੀਕੀ ਬਹੁ-ਅਨੁਸਾਸ਼ਨੀ ਉੱਚ ਸਿੱਖਿਆ ਸੰਸਥਾਨ (MDI) ਵਿੱਚ ਮਿਲਾਇਆ ਜਾਣਾ (Merger)**: NCTE ਨਿਯਮਾਂ ਮੁਤਾਬਕ ਦੋਵੇਂ ਕਾਲਜਾਂ ਦਰਮਿਆਨ ਦੂਰੀ 3 ਕਿਲੋਮੀਟਰ ਜਾਂ ਉਸ ਤੋਂ ਘੱਟ ਹੋਣੀ ਚਾਹੀਦੀ ਹੈ। ਇੱਕੋ ਮੈਨੇਜਮੈਂਟ ਜਾਂ ਵੱਖੋ-ਵੱਖਰੀਆਂ ਮੈਨੇਜਮੈਂਟਾਂ ਅਧੀਨ ਚੱਲ ਰਹੇ ਕਾਲਜਾਂ ਦੇ Merger ਲਈ NCTE ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਸੰਬੰਧੀ ਯੂਨੀਵਰਸਿਟੀ ਕੋਲ ਬਿਨੈ ਦਾਖਲ ਕਰਦੇ ਸਮੇਂ ਦੋਵੇਂ ਕਾਲਜਾਂ ਦੇ AISHE Codes ਦਰਸਾਉਂਦੇ ਹੋਏ NCTE ਨਿਯਮਾਂ ਅਨੁਸਾਰ ਲੋੜੀਂਦੇ ਤਸਦੀਕਸ਼ੁਦਾ ਦਸਤਾਵੇਜ਼ ਅਤੇ ਪ੍ਰੋਸੈਸਿੰਗ ਫੀਸ + GST @18% ਦੇਣੇ ਹੋਣਗੇ:
   a. ਦੋਵੇਂ ਕਾਲਜਾਂ ਦੇ ਰਲੇਵੇਂ ਸੰਬੰਧੀ ਪਾਸ ਕੀਤੇ ਗਏ ਮਤਿਆਂ ਦੀਆਂ ਤਸਦੀਕਸ਼ੁਦਾ ਕਾਪੀਆਂ, Memorandum of Merger ਦੀ ਅਸਲ ਕਾਪੀ (ਜਿਸ ਵਿਚ ਨਵੀਂ ਬਣਨ ਵਾਲੀ ਮੈਨੇਜਮੈਂਟ ਦੇ ਮੈਂਬਰਜ਼ ਦਾ ਵੇਰਵਾ ਦਰਸਾਇਆ ਹੋਵੇ ਅਤੇ ਪਹਿਲੀਆਂ ਮੈਨੇਜਮੈਂਟਸ ਵੱਲੋਂ ਹਸਤਾਖਰਿਤ ਹੋਵੇ) ਅਤੇ ਉਪਰੰਤ Registrar of Societies ਵੱਲੋਂ ਜਾਰੀ ਨਵਾਂ ਸਰਟੀਫਿਕੇਟ ਦਫਤਰ ਵਿਖੇ ਜਮ੍ਹਾਂ ਕਰਵਾਉਣੇ ਹੋਣਗੇ, ਜਿਨ੍ਹਾਂ ਵਿਚ ਦੋਵੇਂ ਕਾਲਜਾਂ ਦੇ AISHE Codes ਦਰਸਾਉਂਦੇ ਹੋਏ ਸਪੱਸ਼ਟ ਲਿਖਿਆ ਹੋਵੇ ਕਿ ਕੀ ਇਕ ਕਾਲਜ ਨੂੰ ਦੂਸਰੇ ਵਿਚ ਰਲਾਇਆ ਜਾਣਾ ਹੈ, ਜਾਂ ਦੋਵੇਂ ਕਾਲਜਾਂ ਨੂੰ ਰਲਾਉਣ ਉਪਰੰਤ ਨਵਾਂ ਕਾਲਜ ਸਥਾਪਿਤ ਕੀਤਾ ਜਾਣਾ ਹੈ।
      i. ਇਸ ਪ੍ਰਕਾਰ ਮਰਜ ਹੋਣ ਉਪਰੰਤ ਹੋਂਦ ਵਿੱਚ ਆਏ ਇਸ ਨਵੇਂ ਕਾਲਜ ਨੂੰ ਨਵੇਂ ਸਿਰੇ ਤੋਂ ਸੰਬੰਧਤਾ ਅਤੇ ਕੋਰਸ ਦੇਣ ਹਿਤ ਕਾਰਵਾਈ ਕੀਤੀ ਜਾਵੇਗੀ। ਮਰਜਰ ਉਪਰੰਤ ਨਵਾਂ ਕਾਲਜ ਹੋਂਦ ਵਿਚ ਆਉਣ ਤੇ ਦੋਵੇਂ ਕਾਲਜਾਂ ਵਿਖੇ ਪਹਿਲਾਂ ਤੋਂ ਕਾਰਜਸ਼ੀਲ ਪ੍ਰਿੰਸੀਪਲ ਸਾਹਿਬਾਨ ਯੂ.ਜੀ.ਸੀ. ਨਿਯਮਾਂ ਮੁਤਾਬਕ ਆਪਣੇ ਕਾਡਰ, ਤਜ਼ਰਬੇ ਅਤੇ ਯੋਗਤਾ ਮੁਤਾਬਕ ਪ੍ਰੋਫੈਸਰ / ਐਸੋਸੀਏਟ ਪ੍ਰੋਫੈਸਰ / ਸਹਾਇਕ ਪ੍ਰੋਫੈਸਰ ਵਜੋਂ

ਆਪਣੇ ਵਿਸ਼ੇ ਨਾਲ ਸੰਬੰਧਤ ਵਿਭਾਗ ਵਿਖੇ ਅਧਿਆਪਨ ਦਾ ਕਾਰਜ ਕਰਨਗੇ ਜਾਂ ਆਪਣੇ ਸੰਬੰਧਤ ਵਿਭਾਗਾਂ ਵਿਖੇ ਮੁਖੀ ਵਜੋਂ ਸੇਵਾ ਨਿਭਾਉਣਗੇ ਅਤੇ ਮਰਜਰ ਉਪਰੰਤ ਨਵੇਂ ਬਣੇ ਕਾਲਜ ਲਈ ਨਵੇਂ ਸਿਰੇ ਤੋਂ ਪ੍ਰਿੰਸੀਪਲ ਦੀ ਨਿਯੁਕਤੀ ਯੂ.ਜੀ.ਸੀ. ਨਿਯਮਾਂ ਮੁਤਾਬਕ ਕੀਤੀ ਜਾਵੇਗੀ।

ii. ਜੇਕਰ ਰਲੇਵੇਂ ਉਪਰੰਤ ਦੋਵਾਂ ਵਿਚੋਂ ਇਕ ਪੁਰਾਣਾ ਕਾਲਜ ਹੀ ਜਾਰੀ ਰਹਿੰਦਾ ਹੈ, ਤਾਂ ਮਰਜ ਕੀਤੇ ਜਾਣ ਵਾਲੇ ਕਾਲਜ ਦੇ ਕੋਰਸ ਯੂਨੀਵਰਸਿਟੀ ਵੱਲੋਂ ਬਣਾਈ ਗਈ ਮੁਆਇਨਾ ਕਮੇਟੀ ਦੀ ਰਿਪੋਰਟ ਮੁਤਾਬਕ ਦੂਸਰੇ ਕਾਲਜ ਨੂੰ ਟ੍ਰਾਂਸਫਰ ਕਰ ਦਿੱਤੇ ਜਾਣਗੇ ਅਤੇ NCTE ਨਿਯਮਾਂ ਮੁਤਾਬਕ ਪਹਿਲਾਂ ਤੋਂ ਚੱਲੇ ਆ ਰਹੇ ਡਿਗਰੀ ਕਾਲਜ ਦੇ ਪ੍ਰਿੰਸੀਪਲ ਮਰਜਰ ਉਪਰੰਤ ਪ੍ਰਿੰਸੀਪਲ ਵਜੋਂ ਕਾਰਜਸ਼ੀਲ ਰਹਿਣਗੇ, ਜਦੋਂ ਕਿ TEI ਦੇ ਪਹਿਲਾਂ ਤੋਂ ਚੱਲੇ ਆ ਰਹੇ ਪ੍ਰਿੰਸੀਪਲ ਸੰਬੰਧਤ ਵਿਭਾਗ ਦੇ ਮੁਖੀ ਵਜੋਂ ਅਹੁਦਾ ਸੰਭਾਲਣਗੇ।

b. ਦੋਵੇਂ ਕਾਲਜਾਂ ਦੇ ਰਲੇਵੇਂ ਉਪਰੰਤ ਨਵੇਂ ਬਣਨ ਵਾਲੇ ਕਾਲਜ ਦੀ ਮੈਨੇਜਮੈਂਟ ਵੱਲੋਂ ਜ਼ਮੀਨ ਲਈ ਭਾਰ-ਮੁਕਤ ਸਰਟੀਫਿਕੇਟ (ਫਰਦ ਮੁਤਾਬਕ ਸੰਪੂਰਨ ਵੇਰਵਾ ਦਰਸਾਉਂਦੇ ਹੋਏ) ਅਤੇ ਕਾਲਜ ਦੇ ਸਿਰ ਕੋਈ ਕਰਜ਼ਾ ਨਾ ਚੱਲਦੇ ਹੋਣ ਸੰਬੰਧੀ ਹਲਫਨਾਮਾ ਦੇਣਾ ਹੋਵੇਗਾ। ਇਸ ਸੰਬੰਧੀ ਜੇਕਰ ਬਾਅਦ ਵਿਚ ਕੋਈ ਕਾਨੂੰਨੀ ਉਲਝਣ ਪੈਦਾ ਹੁੰਦੀ ਹੈ, ਤਾਂ ਉਸ ਦੀ ਨਿਰੋਲ ਜ਼ਿੰਮੇਵਾਰੀ ਕਾਲਜ ਮੈਨੇਜਮੈਂਟ ਦੀ ਹੋਵੇਗੀ।

c. ਜੇਕਰ ਮਰਜ ਹੋਣ ਵਾਲੇ ਦੋਵੇਂ ਕਾਲਜਾਂ ਨੂੰ ਜਾਂ ਦੋਨਾਂ ਵਿੱਚੋਂ ਕਿਸੇ ਇੱਕ ਕਾਲਜ ਨੂੰ ਸਰਕਾਰ ਵੱਲੋਂ ਸਹਾਇਤਾ ਪ੍ਰਾਪਤ (ਏਡਿਡ) ਹੈ, ਤਾਂ ਮਰਜਰ ਤੋਂ ਪਹਿਲਾਂ ਏਡਿਡ ਕਾਲਜ/ਕਾਲਜਾਂ ਵੱਲੋਂ ਪੰਜਾਬ ਸਰਕਾਰ ਪਾਸੋਂ ਐੱਨ.ਓ.ਸੀ. ਪ੍ਰਾਪਤ ਕੀਤਾ ਜਾਵੇ, ਤਾਂ ਜੋ ਭਵਿੱਖ ਵਿਚ ਟੀਚਿੰਗ ਸਟਾਫ ਦੀ ਗ੍ਰਾਂਟ ਆਦਿ ਸੰਬੰਧੀ ਕੋਈ ਦਿੱਕਤ ਪੇਸ਼ ਨਾ ਆਵੇ।

d. Memorandum of Merger ਵਿਚ ਦੋਵੇਂ ਕਾਲਜਾਂ ਦੇ ਰਲੇਵੇਂ ਕਾਰਨ ਟੀਚਿੰਗ/ਨਾਨ ਟੀਚਿੰਗ ਸਟਾਫ ਦੀਆਂ ਸੇਵਾਵਾਂ ਸੰਬੰਧੀ ਸ਼ਰਤਾਂ ਬਾਰੇ ਸਪਸ਼ਟ ਜ਼ਿਕਰ ਕੀਤਾ ਜਾਵੇ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਤੇ ਕੋਈ ਪ੍ਰਤੀਕੂਲ ਪ੍ਰਭਾਵ ਨਾ ਹੋਣ ਸੰਬੰਧੀ ਦੋਵੇਂ ਕਾਲਜਾਂ ਵੱਲੋਂ ਯਕੀਨੀ ਬਣਾਏ ਜਾਣ ਸਬੰਧੀ ਮੈਨੇਜਮੈਂਟਸ ਵੱਲੋਂ Undertaking ਦਿੱਤੀ ਜਾਵੇ।

e. ਮਰਜਰ ਉਪਰੰਤ ਕਾਲਜਾਂ ਵਿਖੇ ਕਾਰਜਸ਼ੀਲ ਅਧਿਆਪਨ ਅਤੇ ਗੈਰ ਅਧਿਆਪਨ ਅਮਲੇ ਦੀ ਸੀਨੀਆਰਤਾ ਯੂ.ਜੀ.ਸੀ. ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਨਿਯਮਾਂ ਮੁਤਾਬਕ ਤੈਅ ਕੀਤੀ ਜਾਵੇਗੀ। ਮਰਜਰ ਉਪਰੰਤ ਪੈਦਾ ਹੋਣ ਵਾਲੀਆਂ ਸੀਨੀਅਰਤਾ ਦੀਆਂ ਅਸਮਾਨਤਾਵਾਂ ਤੋਂ ਬਚਣ ਲਈ ਕਾਲਜਾਂ ਦੀਆਂ ਮੈਨੇਜਮੈਂਟਸ ਨੂੰ ਸੁਝਾਅ ਹੈ ਕਿ ਕਾਲਜਾਂ ਵਿਖੇ ਕਾਰਜਸ਼ੀਲ ਅਧਿਆਪਕਾਂ ਅਤੇ ਲਾਇਬ੍ਰੇਰੀਅਨਜ਼ ਵਿੱਚੋਂ ਜੇਕਰ ਕਿਸੇ ਦੀਆਂ ਅਪਰੂਵਲਜ਼ ਨਾ ਹੋਈਆਂ ਹੋਣ, ਤਾਂ ਉਹਨਾਂ ਸੰਬੰਧੀ ਦਸਤਾਵੇਜ਼ ਤੁਰੰਤ ਜਮ੍ਹਾਂ ਕਰਵਾ ਦਿੱਤੇ ਜਾਣ।

f. ਮਰਜ ਕੀਤੇ ਜਾਣ ਵਾਲੇ ਕਾਲਜਾਂ ਵਿਚ ਵੱਖ-ਵੱਖ ਰੈਗੂਲੇਟਰੀ ਬਾਡੀਜ਼ ਦੇ ਅਧੀਨ ਚਲ ਰਹੇ ਕੋਰਸਾਂ ਸਬੰਧੀ Respective Regulatory Body ਪਾਸੋਂ ਪ੍ਰਵਾਨਗੀ ਲੈਣੀ ਅਤੇ ਉਸ ਸਬੰਧੀ ਯੂਨੀਵਰਸਿਟੀ ਵਿਖੇ ਦਸਤਾਵੇਜ਼ ਜਮ੍ਹਾ ਕਰਵਾਉਣ ਦੀ ਜ਼ਿੰਮੇਵਾਰੀ ਮਰਜਰ ਉਪਰੰਤ ਨਵੇਂ ਬਣੇ ਕਾਲਜ ਦੀ ਹੋਵੇਗੀ।

4. **Teacher Education Colleges, Physical Education Colleges ਅਤੇ Degree Colleges ਨੂੰ ਬਹੁ-ਅਨੁਸਾਸ਼ਨੀ ਉੱਚ ਸਿੱਖਿਆ ਸੰਸਥਾਨ (MDI) ਵਿੱਚ ਤਬਦੀਲ ਕਰਨਾ:** National Education Policy 2020 ਤਹਿਤ standalone teacher education colleges ਨੂੰ ਬਹੁ-ਅਨੁਸ਼ਾਸ਼ਨੀ ਉੱਚ ਸਿੱਖਿਆ ਸੰਸਥਾਨ (MDI) ਬਣਾਉਣ/ਮਿਲਾਉਣ ਸਬੰਧੀ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ (ਨੰ. No. HED-EDU10B.ED/2024-4edu/E-741323/446 ਮਿਤੀ 02-08-2024) ਅਨੁਸਾਰ ਜਿਨ੍ਹਾਂ ਮੈਨੇਜਮੈਂਟਾਂ ਅਧੀਨ ਬਹੁ-ਅਨੁਸ਼ਾਸ਼ਨੀ ਉੱਚ ਸਿੱਖਿਆ ਸੰਸਥਾਵਾਂ ਨਹੀ ਚਲ ਰਹੀਆਂ, ਉੱਥੇ ਇਹ standalone education colleges ਖੁਦ ਬਹੁ-ਅਨੁਸ਼ਾਸ਼ਨੀ ਉੱਚ ਸਿੱਖਿਆ ਸੰਸਥਾਵਾਂ ਵਿਚ ਤਬਦੀਲ ਕੀਤੇ ਜਾਣਗੇ। ਇਸ ਮੰਤਵ ਲਈ NCTE ਵੱਲੋਂ ਜਾਰੀ ਹਦਾਇਤਾਂ ਅਨੁਸਾਰ ਕਾਲਜ ਵਿੱਚ 64 Credits ਦੇ ਘੱਟੋ-ਘੱਟ ਦੋ ਅੰਡਰਗ੍ਰੈਜੂਏਟ ਡਿਗਰੀ ਪ੍ਰੋਗਰਾਮ ਸ਼ੁਰੂ ਕਰਨੇ ਹੋਣਗੇ ਅਤੇ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ:

a. ਕਿਉਂ ਜੋ ਬਹੁ-ਅਨੁਸ਼ਾਸ਼ਨੀ ਉੱਚ ਸਿੱਖਿਆ ਸੰਸਥਾਵਾਂ ਨਵੇਂ ਸਿਰੇ ਤੋਂ ਬਣਾਈਆਂ ਜਾਣੀਆਂ ਹਨ, ਇਸ ਲਈ ਸਬੰਧਤ ਕਾਲਜ ਬਹੁ-ਅਨੁਸ਼ਾਸ਼ਨੀ ਉੱਚ ਸਿੱਖਿਆ ਸੰਸਥਾ ਬਣਾਉਣ ਲਈ ਪੰਜਾਬ ਸਰਕਾਰ ਤੋਂ ਲੋੜੀਂਦਾ NOC ਅਤੇ ਸੰਬੰਧਤ Professional Council(s) ਤੋਂ ਡਿਗਰੀ ਪ੍ਰੋਗਰਾਮ ਸ਼ੁਰੂ ਕਰਨ ਲਈ ਲੋੜੀਂਦੀ ਪ੍ਰਵਾਨਗੀ ਲੈਣਗੀਆਂ ਅਤੇ ਨਾਲ ਹੀ ਯੂਨੀਵਰਸਿਟੀ ਵਿਖੇ ਅਰਜ਼ੀ ਦਾਖਲ ਕਰਨਗੀਆਂ।

b. ਬਿਨੈ-ਪੱਤਰ ਨਾਲ ਪ੍ਰਪੋਜ਼ਡ ਬਹੁ-ਅਨੁਸ਼ਾਸ਼ਨੀ ਉੱਚ ਸਿੱਖਿਆ ਸੰਸਥਾ ਲਈ ਲੋੜੀਂਦੀ ਜ਼ਮੀਨ ਲਈ ਜ਼ਰੂਰੀ ਦਸਤਾਵੇਜ਼, ਜਿਵੇਂ ਕਿ ਲੋੜੀਂਦੀ ਜ਼ਮੀਨ ਦੀ ਰਜਿਸਟਰੀ/ਫਰਦ/ਜਮਾਂਬੰਦੀ (ਖਸਰਾ ਨੰਬਰਾਂ ਸਮੇਤ), ਇੱਕ ਟੱਕ ਹੋਣ ਦਾ ਸਰਟੀਫਿਕੇਟ, ਲੋੜੀਂਦੀ ਜ਼ਮੀਨ ਦਾ ਕਨਵਰਸ਼ਨ ਸਰਟੀਫਿਕੇਟ, ਲੇਟੇਸਟ ਭਾਰ ਮੁਕਤ ਸਰਟੀਫਿਕੇਟ,

ਚੀਫ ਟਾਊਨ ਪਲਾਨਰ ਤੋਂ ਪ੍ਰਵਾਨਗੀ, ਉਸਾਰੀ ਹੋਈ/ਉਸਾਰੀ ਜਾਣ ਵਾਲੀ ਇਮਾਰਤ ਦੇ ਨਕਸ਼ੇ ਦੀ ਪ੍ਰਵਾਨਗੀ (ਖਸਰਾ ਨੰਬਰਾਂ ਸਮੇਤ), ਬਿਲਡਿੰਗ ਕੰਪਲੀਸ਼ਨ ਸਰਟੀਫਿਕੇਟ, ਬਿਲਡਿੰਗ ਦੇ ਬੀਮੇ ਸੰਬੰਧੀ ਦਸਤਾਵੇਜ਼, ਸੋਸਾਇਟੀ ਦੀ ਠੋਸ ਵਿੱਤੀ ਸਥਿਤੀ ਸਬੰਧੀ ਗਰੰਟੀਸ਼ੁਦਾ ਰੈਗੂਲਰ ਸਲਾਨਾ ਆਮਦਨ ਦੇ ਸਰੋਤਾਂ ਬਾਬਤ ਜਾਣਕਾਰੀ (ਜਿਵੇਂ Fixed Deposits, other deposits, Bank Balance ਅਤੇ ਹੋਰ ਸਰੋਤ), ਪਿਛਲੇ ਤਿੰਨ ਸਾਲਾਂ ਦੀ ਬੈਂਕ ਸਟੇਟਮੈਂਟ, ਆਮਦਨ ਅਤੇ ਖਰਚ, Balance Sheet ਸਮੇਤ) ਆਦਿ।

c. ਜਿੱਥੋਂ ਤੱਕ ਬਹੁ-ਅਨੁਸ਼ਾਸ਼ਨੀ ਉੱਚ ਸਿੱਖਿਆ ਸੰਸਥਾਵਾਂ ਲਈ ਲੋੜੀਂਦੀ ਜ਼ਮੀਨ ਦਾ ਸਵਾਲ ਹੈ ਤਾਂ ਨਵੇਂ ਖੋਲ੍ਹੇ ਜਾਣ ਵਾਲੇ ਕਾਲਜਾਂ ਲਈ ਲੋੜੀਂਦੀ ਜ਼ਮੀਨ ਸੰਬੰਧੀ ਨਿਯਮ ਪੰਜਾਬ ਸਰਕਾਰ ਦੇ ਪੱਤਰ ਨੰ: 8/31/2016/4ਸਿ)/839266/6, ਮਿਤੀ 14.09.2016 ਅਤੇ ਪੰਜਾਬੀ ਯੂਨੀਵਰਸਿਟੀ ਦੀ ਸਿੰਡੀਕੇਟ ਦੀ ਇਕੱਤਰਤਾ ਮਿਤੀ 09-10-2018 ਪੈਰਾ ਨੰ (7) 235 ਅਨੁਸਾਰ ਹੀ ਲਾਗੂ ਰਹਿਣਗੇ। ਜੇਕਰ ਭਵਿੱਖ ਵਿੱਚ ਪੰਜਾਬ ਸਰਕਾਰ ਜਾਂ ਯੂਨੀਵਰਸਿਟੀ ਸਿੰਡੀਕੇਟ ਵੱਲੋਂ ਨਿਯਮਾਂ ਵਿਚ ਕੋਈ ਬਦਲਾਵ ਕੀਤਾ ਜਾਂਦਾ ਹੈ, ਤਾਂ ਉਸ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

5. **ਤਬਦੀਲੀ ਜਾਂ ਮਰਜਰ ਹਿਤ ਅਰਜ਼ੀ ਦਾਖਲ ਕਰਨ ਦੀ ਅੰਤਿਮ ਮਿਤੀ ਅਤੇ ਪ੍ਰੋਸੈੱਸਿੰਗ ਫੀਸ:** ਉਕਤ ਲੜੀ ਨੰ. 3 ਅਤੇ 4 ਤਹਿਤ Standalone Institute ਨੂੰ MDI ਵਿਚ ਮਰਜਰ ਜਾਂ ਤਬਦੀਲ ਕਰਨ ਸੰਬੰਧੀ 2,50,000 + 18% GST, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਦੇ ਖਾਤੇ (A/C 65257458501, IFSC- SBIN0050009) ਵਿਚ RTGS ਰਾਹੀਂ ਪ੍ਰੋਸੈਸਿੰਗ ਫੀਸ ਵਜੋਂ ਜਮ੍ਹਾਂ ਕਰਵਾਉਣ ਉਪਰੰਤ ਲੋੜੀਦੇ ਤਸਦੀਕਸ਼ੁਦਾ ਦਸਤਾਵੇਜ਼ਾਂ ਸਮੇਤ ਮਿਤੀ 31 ਦਸੰਬਰ ਤੱਕ ਯੂਨੀਵਰਸਿਟੀ ਵਿਖੇ ਅਰਜ਼ੀ ਦਾਖਲ ਕਰਨੀ ਹੋਵੇਗੀ। ਇਸ ਮਿਤੀ ਤੋਂ ਬਾਅਦ 31 ਮਾਰਚ ਤੱਕ ਡੇਢ ਲੱਖ ਰੁਪਏ ਲੇਟ ਫੀਸ ਨਾਲ (ਕੁੱਲ 2.50+1.50 = 4.00 ਲੱਖ ਰੁਪਏ) ਅਤੇ 31 ਮਈ ਤੱਕ ਢਾਈ ਲੱਖ ਰੁਪਏ ਲੇਟ ਫੀਸ ਨਾਲ (ਕੁੱਲ 2.50+2.50 = 5.00 ਲੱਖ ਰੁਪਏ) ਨਾਲ ਅਰਜ਼ੀ ਦਾਖਲ ਕੀਤੀ ਜਾ ਸਕਦੀ ਹੈ। 31 ਮਈ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਨੂੰ ਅਗਲੇ ਸੈਸ਼ਨ ਲਈ ਹੀ ਪ੍ਰੋਸੈੱਸ ਕਰਨਾ ਸੰਭਵ ਹੋਵੇਗਾ।

ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ ਤੇ ਲਏ ਜਾਣ ਵਾਲੇ ਫੈਸਲਿਆਂ ਮੁਤਾਬਕ ਪ੍ਰੋਸੈਸਿੰਗ ਫੀਸ ਦੀ ਇਸ ਰਕਮ ਨੂੰ ਭਵਿੱਖ ਵਿਚ ਹੋਣ ਵਾਲੇ ਕਾਲਜਾਂ ਦੇ ਰਲੇਵਿਆਂ ਲਈ ਬਦਲਿਆ ਜਾ ਸਕਦਾ ਹੈ। ਪ੍ਰੋਸੈਸਿੰਗ ਫੀਸ ਪ੍ਰਾਪਤ ਹੋਣ ਉਪਰੰਤ ਯੂਨੀਵਰਸਿਟੀ ਵੱਲੋਂ ਕਾਲਜਾਂ ਵਿਖੇ ਉਪਲਬਧ ਸਹੂਲਤਾਂ ਦਾ ਜਾਇਜ਼ਾ ਲੈਣ ਲਈ ਮੁਅਇਨਾ ਕਰਵਿਾਇਆ ਜਾਵੇਗਾ ਅਤੇ ਮੁਅਇਨਾ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਿਸ਼ਾਂ ਦੀ ਲੋਅ ਵਿਚ ਹੀ MDI ਵਿਚ ਮਰਜਰ ਜਾਂ ਤਬਦੀਲੀ ਸੰਬੰਧੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਕਮੇਟੀ ਮੈਂਬਰਜ਼ ਨੂੰ ਸਫਰੀ ਭੱਤੇ ਅਤੇ ਸੇਵਾਫਲ ਦੀ ਅਦਾਇਗੀ ਪ੍ਰਵਾਨਿਤ ਦਰਾਂ ਅਨੁਸਾਰ ਕਾਲਜ/ਕਾਲਜਾਂ ਵੱਲੋਂ ਮੌਕੇ ਤੇ ਕੀਤੀ ਜਾਵੇਗੀ।

ਕਿਉਂ ਜੋ ਨਿਯਮਾਂ ਵਿਚ ਇਹ ਵਿਵਸਥਾ ਕਾਇਮ ਕਰਨ ਸਮੇਂ ਸੈਸ਼ਨ 2026-27 ਲਈ ਦਾਖਲਿਆਂ ਹਿਤ ਸਮਾਂ ਕਾਫੀ ਘੱਟ ਰਹਿ ਗਿਆ ਹੈ, ਇਸ ਲਈ ਸੈਸ਼ਨ 2026-27 ਲਈ ਪ੍ਰਾਪਤ ਹੋਣ ਵਾਲੇ ਕੇਸਾਂ (ਸਮੇਤ ਪਹਿਲਾਂ ਤੋਂ ਪ੍ਰਾਪਤ ਹੋਏ ਕੇਸਾਂ ਅਤੇ ਇਸ ਸੰਬੰਧੀ ਪੱਤਰ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ-ਅੰਦਰ ਪ੍ਰਾਪਤ ਹੋਣ ਵਾਲੇ ਕੇਸਾਂ) ਲਈ ਕਾਲਜਾਂ ਵੱਲੋਂ ਬਿਨਾਂ ਜੁਰਮਾਨਾ, ਕੇਵਲ ਪ੍ਰੋਸੈਸਿੰਗ ਫੀਸ + 18% GST ਨਾਲ ਅਪਲਾਈ ਕੀਤਾ ਜਾ ਸਕਦਾ ਹੈ।

6. **ਤਬਦੀਲੀ ਜਾਂ ਮਰਜਰ ਉਪਰੰਤ ਲਈਆਂ ਜਾਣ ਵਾਲੀਆਂ ਫੀਸਾਂ ਅਤੇ ਇੰਡੋਮੈਂਟ ਫੰਡਜ਼:** ਉਕਤ ਲੜੀ ਨੰ. 3 ਅਤੇ 4 ਤਹਿਤ ਹੋਂਦ ਵਿਚ ਆਏ ਕਾਲਜ ਤੋਂ ਫੀਸਾਂ ਅਤੇ ਇੰਡੋਮੈਂਟ ਫੰਡ ਆਦਿ ਵਜੋਂ ਲਈ ਜਾਣ ਵਾਲੀ ਰਾਸ਼ੀ ਵਿੱਤ ਕਮੇਟੀ ਦੀ ਮਿਤੀ 25.03.2026 ਨੂੰ ਹੋਈ ਇਕੱਤਰਤਾ ਦੇ ਪੈਰ੍ਹਾ-IV (1) ਦੇ ਕ੍ਰਮਾਂਕ-48 ਅਤੇ ਸਿੰਡੀਕੇਟ ਦੀ ਮਿਤੀ 27.03.2026 ਨੂੰ ਹੋਈ ਇਕੱਤਰਤਾ ਦੇ ਸਿਰਲੇਖ 2.(ਪੈਰ੍ਹਾ-2.1), ਅੰਤਿਕਾ-2.1 ਅਨੁਸਾਰ ਜਾਂ ਇਸ ਸੰਬੰਧ ਵਿਚ ਭਵਿੱਖ ਵਿਚ ਹੋਣ ਵਾਲੇ ਫੈਸਲਿਆਂ ਮੁਤਾਬਕ ਲਈ ਜਾਵੇਗੀ। ਮਰਜਰ ਉਪਰੰਤ ਪਹਿਲਾਂ ਤੋਂ ਚੱਲੇ ਆ ਰਹੇ ਐਜੂਕੇਸ਼ਨ ਕਾਲਜ ਦੀ ਮਾਨਤਾ ਰੱਦ ਕਰਨ ਸਮੇਂ ਉਸ ਕਾਲਜ ਦੀ ਇੰਡੋਮੈਂਟ ਫੰਡ ਵਜੋਂ ਚੱਲ ਰਹੀਆਂ ਐੱਫ.ਡੀ.ਆਰਜ਼. ਨੂੰ ਨਿਯਮਾਂ ਮੁਤਾਬਕ ਸਰਵਿਸ ਚਾਰਜਿਜ਼ ਲੈਣ ਅਤੇ ਲੋੜੀਂਦੀਆਂ ਸੈਟਲਮੈਂਟਸ ਕਰਨ ਉਪਰੰਤ ਵਾਪਸ ਕੀਤਾ ਜਾਵੇਗਾ।

ਉਕਤ ਦਰਸਾਏ ਅਨੁਸਾਰ ਸਾਰੇ ਲੋੜੀਂਦੇ ਦਸਤਾਵੇਜ਼ ਪ੍ਰਾਪਤ ਹੋਣ ਉਪਰੰਤ ਯੂਨੀਵਰਸਿਟੀ ਵੱਲੋਂ ਨਿਯਮਾਂ ਅਨੁਸਾਰ ਪ੍ਰਪੋਜ਼ਡ ਬਹੁ-ਅਨੁਸਾਸ਼ਨੀ ਉੱਚ ਸਿੱਖਿਆ ਸੰਸਥਾ ਦਾ ਮੁਆਇਨਾ ਕਰਵਾਉਣ ਉਪਰੰਤ ਪ੍ਰਾਪਤ ਮੁਆਇਨਾ ਰਿਪੋਰਟ ਦੀ ਲੋਅ ਵਿੱਚ ਸੰਬੰਧਤਾ ਅਤੇ ਕੋਰਸ ਪ੍ਰਦਾਨ ਕਰਨ ਹਿਤ ਬਣਦੀ ਲੋੜੀਂਦੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

01/07/2026

**ਡੀਨ, ਕਾਲਜ ਵਿਕਾਸ ਕੌਂਸਲ**